ਸੰਪਾਦਕੀ

# ਸਾਹਿਤ ਅਤੇ ਸਮਾਜ

ਸਾਹਿਤ ਅਤੇ ਸਮਾਜ ਦੇ ਆਪਸੀ ਰਿਸ਼ਤੇ ਬਾਰੇ ਚਰਚਾ ਵੀ ਉਤਨੀ ਹੀ ਪੁਰਾਣੀ ਹੈ ਜਿੰਨੀ ਸਾਹਿਤ ਦੀ ਆਪਣੀ ਹੋਂਦ। ਪੱਛਮੀ ਵਿਦਵਾਨਾਂ ਤੋਂ ਲੈ ਕੇ ਭਾਰਤੀ ਆਚਾਰੀਆਂ ਨੇ ਵੀ ਇਨ੍ਹਾਂ ਦੋਹਾਂ ਦੇ ਸੰਬੰਧਾਂ ਬਾਰੇ ਭਰਪੂਰ ਚਰਚਾ ਕੀਤੀ ਹੈ। ਇਸ ਸਮੁੱਚੀ ਵਿਚਾਰ ਚਰਚਾ ਨੂੰ ਮੋਟੇ ਰੂਪ ਵਿਚ ਦੋ ਮੁੱਦਿਆਂ 'ਤੇ ਕੇਂਦ੍ਰਿਤ ਸਮਝਿਆ ਜਾ ਸਕਦਾ ਹੈ। ਇਕ ਮੱਤ ਸਾਹਿਤ ਤੇ ਸਮਾਜ ਦੇ ਆਪਸੀ ਸੰਬੰਧਾਂ ਤੇ ਸਹਿਹੋਂਦ ਨਾਲ ਜੁੜਿਆ ਹੈ ਅਤੇ ਦੂਸਰਾ ਮੱਤ ਇਸ ਦੇ ਉਲਟ ਦੋਹਾਂ ਨੂੰ ਸੁਤੰਤਰ ਇਕਾਈਆਂ ਨੇ ਹੋਂਦਾਂ ਦੇ ਰੂਪ ਵਿਚ ਸਥਾਪਿਤ ਕਰਦਾ ਹੈ।

ਜੇਕਰ ਵਿਦਵਾਨਾਂ ਦੀਆਂ ਸਥਾਪਨਾਵਾਂ ਨੂੰ ਪਾਸੇ ਰੱਖ ਕੇ ਸੋਚਿਆ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਮਨੁੱਖ ਇਕ ਸਮਾਜਕ ਪ੍ਰਾਣੀ ਹੈ, ਜਿਸ ਦੇ ਹਰ ਕਾਰਜ ਵਿਚ ਸਮਾਜਕਤਾ ਦਾ ਦਖ਼ਲ ਹੁੰਦਾ ਹੈ। ਆਤਮ-ਪ੍ਰਗਟਾਵੇ ਪਿੱਛੇ ਵੀ ਇਹੀ ਸਮਾਜਕਤਾ ਹੀ ਕੰਮ ਕਰ ਰਹੀ ਹੁੰਦੀ ਹੈ। ਇਸ ਪ੍ਰਗਟਾਵੇ ਦੀ ਪ੍ਰਵਿਰਤੀ ਦਾ ਸਭ ਤੋਂ ਉੱਚਾ ਤੇ ਸੁਚੱਜਾ ਰੂਪ ਸਾਹਿਤ ਦੇ ਮਾਧਿਅਮ ਰਾਹੀਂ ਹੀ ਸੰਭਵ ਹੁੰਦਾ ਹੈ। ਵੈਸੇ ਤਾਂ ਕਲਾ ਦੇ ਸਮੁੱਚੇ ਮਾਧਿਅਮ ਹੀ ਇਸ ਦਾਇਰੇ ਵਿਚ ਆਉਂਦੇ ਹਨ। ਪਰੰਤੂ, ਆਪਣੇ ਮਾਧਿਅਮ ਭਾਸ਼ਾ ਕਰਕੇ ਸਾਹਿਤ ਦੀ ਪਹੁੰਚ ਜਨ-ਮਾਨਸ ਤੱਕ ਹੋਣ ਦੀ ਸੰਭਾਵਨਾ ਸਭ ਤੋਂ ਵੱਧ ਹੁੰਦੀ ਹੈ, ਕਿਉਂਕਿ ਭਾਸ਼ਾ ਦੀ ਸਮਾਜਕ ਪ੍ਰਾਸੰਗਿਕਤਾ ਸਭ ਤੋਂ ਵਧੇਰੇ ਹੈ, ਜਦਕਿ ਕਲਾ ਦੇ ਬਾਕੀ ਮਾਧਿਅਮ ਸ਼ਾਇਦ ਇਤਨੇ ਪ੍ਰਚਲਿਤ ਤੇ ਪ੍ਰਵਾਨਿਤ ਨਹੀਂ। ਇਸੇ ਲਈ ਕਿਹਾ ਜਾ ਸਕਦਾ ਹੈ ਕਿ ਕਿਸੇ ਵੀ ਖਿੱਤੇ ਦਾ ਸਾਹਿਤ ਸਿਰਫ਼ ਇਕ ਕਲਾਤਮਿਕ ਕ੍ਰਿਤ ਹੀ ਨਹੀਂ ਹੁੰਦੀ, ਸਗੋਂ ਉਸ ਖਿੱਤੇ ਦਾ ਜੀਵੰਤ ਸਮਾਜਕ ਇਤਿਹਾਸ ਵੀ ਹੁੰਦਾ ਹੈ। ਇਸ ਲਈ ਕਿਸੇ ਵੀ ਇਲਾਕੇ ਦੇ ਇਤਿਹਾਸ, ਲੋਕ ਜੀਵਨ ਨੂੰ ਸਮਝਣ ਲਈ ਸਾਹਿਤ ਸਭ ਤੋਂ ਵਧੇਰੇ ਪ੍ਰਮਾਨਿਕ ਦਸਤਾਵੇਜ਼ ਮੰਨਿਆ ਜਾਂਦਾ ਹੈ। ਕਿਸੇ ਵੀ ਭਾਸ਼ਾ ਵਿਚ ਰਚੇ ਸਾਹਿਤ ਨੂੰ ਸਭ ਤੋਂ ਵਧੇਰੇ ਸੁੱਚਜੇ ਤੇ ਪ੍ਰਮਾਨਿਕ ਢੰਗ ਨਾਲ ਉਸ ਖਿੱਤੇ ਵਿਸ਼ੇਸ਼ ਵਿਚ ਹੀ ਸਮਝਿਆ ਜਾ ਸਕਦਾ ਹੈ, ਜਿਸ ਦੀ ਉਹ ਉਪਜ ਹੁੰਦਾ ਹੈ।

ਜਦੋਂ ਅਸੀਂ ਇਸ ਪ੍ਰਸੰਗ ਵਿਚ ਪੰਜਾਬੀ ਸਾਹਿਤ ਵੱਲ ਝਾਤ ਪਾਉਂਦੇ ਹਾਂ ਤਾਂ ਆਪਣੇ ਆਦਿ-ਕਾਲ ਤੋਂ ਹੀ ਪੰਜਾਬੀ ਸਾਹਿਤ ਆਪਣੇ ਸਮਾਜਕ ਪ੍ਰਸੰਗਾਂ ਪ੍ਰਤੀ ਸੁਚੇਤ ਨਜ਼ਰ ਆਉਂਦਾ ਹੈ। ਪੰਜਾਬੀ ਸਾਹਿਤ ਸਮਾਜਕ ਲਹਿਰਾਂ/ਜ਼ਰੂਰਤਾਂ ਦੀ ਉਪਜ ਹੈ, ਸੂਫ਼ੀ ਕਾਵਿ, ਭਗਤੀ ਕਾਵਿ, ਧਾਰਮਿਕ ਸੁਧਾਰਵਾਦੀ ਲਹਿਰ, ਪ੍ਰਗਤੀਵਾਦੀ ਲਹਿਰ ਆਦਿ ਸਾਰੀਆਂ ਹੀ ਲਹਿਰਾਂ ਕਿ ਪਾਸੇ ਸਮਾਜਕ ਜ਼ਰੂਰਤਾਂ ਵਿਚੋਂ ਆਪਣਾ ਸਰੂਪ ਗ੍ਰਹਿਣ ਕਰਦੀਆਂ ਹਨ ਤੇ ਦੂਸਰੇ ਪਾਸੇ ਇਨ੍ਹਾਂ ਨੇ ਸਾਹਿਤ ਨੂੰ ਆਪਣੇ ਪ੍ਰਚਾਰ-ਪ੍ਰਸਰ ਲਈ ਮਾਧਿਅਮ ਵਜੋਂ ਚੁਣਿਆ। ਸਾਹਿਤ ਨੂੰ ਲੋਕ-ਲਹਿਰਾਂ ਦੀ ਪ੍ਰਵਾਨਗੀ ਦੇ ਪੈਮਾਨੇ ਵਜੋਂ ਵੇਖਿਆ ਜਾ ਸਕਦਾ ਹੈ, ਜਿਸ ਲਹਿਰ ਨੇ ਜਿੰਨਾ ਵਧੇਰੇ ਸਾਹਿਤ ਰਚਿਆ ਉਸਦੀ ਪ੍ਰਵਾਨਗੀ ਉਤਨੀ ਹੀ ਵਧੇਰੇ ਸੀ। ਜੋ ਲਹਿਰਾਂ

ਅਜੇਹਾ ਕਰਨ ਵਿਚ ਸਫਲ ਨਹੀਂ ਹੋਈਆਂ, ਉਹ ਲੋਕਾਈ ਨਾਲੋਂ ਟੁੱਟੀਆਂ ਹੋਈਆਂ ਜਾਂ ਲੋਕ-ਸਰੋਕਾਰਾਂ ਤੋਂ ਦੁਰਾਡੀਆਂ ਸਨ। ਸਿਰਫ਼ ਲਹਿਰਾਂ ਹੀ ਨਹੀਂ ਸਾਹਿਤਕ ਵਿਧਾਵਾਂ ਵਿਚਲੀ ਤਬਦੀਲੀ ਨੂੰ ਸਮਾਜਕ ਤਬਦੀਲੀ ਦੇ ਇੰਡੀਕੇਟਰ ਵਜੋਂ ਵੇਖਿਆ ਜਾ ਸਕਦਾ ਹੈ। ਮੱਧਕਾਲੀ ਸਾਹਿਤਕ ਵਿਧਾਵਾਂ ਦਾ ਸਾਹਿਤਕ-ਦ੍ਰਿਸ਼ ਤੋਂ ਲਾਂਭੇ ਹੋਣਾ ਕੋਈ ਅਚਨਚੇਤੀ ਵਾਪਰਿਆ ਵਰਤਾਰਾ ਨਹੀਂ ਸੀ, ਸਗੋਂ ਸਮਾਜਕ-ਆਰਥਿਕ ਤਬਦੀਲੀ ਕਾਰਣ ਇਹ ਵਿਧਾਵਾ ਆਪਣੀ ਸਾਰਥਿਕਤਾ ਹੰਢਾ ਕੇ ਅਲੋਪ ਹੋਈਆਂ ਤੇ ਸਾਹਿਤਕ-ਦ੍ਰਿਸ਼ ਤੇ ਪੈਦਾ ਹੋਈ ਨਵੀਂ ਗਲਪ ਵਿਧਾ ਇਕ ਨਵੀਂ ਪੈਦਾ ਹੋ ਰਹੀ ਮੱਧ-ਸ਼੍ਰੇਣੀ ਦੇ ਪ੍ਰਗਟਾਵੇ ਦਾ ਮਾਧਿਅਮ ਬਣਕੇ ਇਕ ਨਵੀਂ ਸਮਾਜਕ ਤਬਦੀਲੀ ਵੱਲ ਇਸ਼ਾਰਾ ਕਰਦੀ ਹੈ।

ਜਿਵੇਂ ਕਿ ਅਸੀਂ ਪਹਿਲਾਂ ਵੀ ਜ਼ਿਕਰ ਕੀਤਾ ਸੀ ਕਿ ਇਸ ਚਰਚਾ ਦਾ ਇਤਿਹਾਸ ਸਾਹਿਤ ਦੀ ਹੋਂਦ ਜਿੰਨਾ ਹੀ ਪੁਰਾਣਾ ਹੈ, ਪਰ ਪੰਜਾਬੀ ਵਿਚ ਇਹ ਚਰਚਾ ਵਧੇਰੇ ਜ਼ੋਰ ਉਦੋਂ ਪਕੜਦੀ ਹੈ ਜਦੋਂ ਪ੍ਰਗਤੀਵਾਦੀ ਲਹਿਰ ਹੋਂਦ ਵਿਚ ਆਉਂਦੀ ਹੈ। ਪਰ ਇਹ ਵੀ ਇਸ ਚਿੰਤਨ ਦੀ ਵਿਡੰਬਨਾ ਹੀ ਕਹੀ ਜਾ ਸਕਦੀ ਹੈ ਕਿ ਸਿਧਾਂਤਕ ਪੱਧਰ ਤੇ ਸਾਹਿਤ ਤੇ ਸਮਾਜ ਦੀ ਦਵੰਦਾਤਮਿਕਤਾ ਨੂੰ ਸਵੀਕਾਰ ਕਰਦੇ ਹੋਏ ਪ੍ਰਗਤੀਵਾਦੀ ਲੇਖਕਾਂ ਨੇ ਸਾਹਿਤ ਨੂੰ ਸਮਾਜਕ/ ਰਾਜਨੀਤਕ ਤਬਦੀਲੀ ਦੇ ਲੀਡਿੰਗ ਟੂਲ ਵਜੋਂ ਪ੍ਰਚਾਰਨ ਤੇ ਵਰਤਣ ਦਾ ਯਤਨ ਕੀਤਾ। ਸਿੱਟੇ ਵਜੋਂ ਸਾਹਿਤ ਕਲਾਤਮਕ ਵਸਤੂ ਤੋਂ ਘੱਟ ਕੇ ਨਿਰੋਲ ਪ੍ਰਚਾਰ ਦੀ ਵਸਤੂ ਬਣ ਕੇ ਆਪਣੇ ਕਲਾਤਮਿਕ ਮਿਆਰਾਂ ਤੋਂ ਮੁਨਕਰ ਹੋਣ ਲੱਗਾ, ਹਾਲਾਂਕਿ ਸਾਹਿਤ ਨੇ ਲੀਡਿੰਗ ਭੂਮਿਕਾ ਦੀ ਥਾਂ ਸਹਾਇਕ ਦੀ ਭੂਮਿਕਾ ਨਿਭਾਉਣੀ ਸੀ, ਜਿਸਦਾ ਮਕਸਦ ਲੋਕ ਮਾਨਸਿਕਤਾ ਨੂੰ ਇਸ ਤਬਦੀਲੀ ਲਈ ਤਿਆਰ ਕਰਨਾ ਸੀ। ਇਸ ਲਈ ਸਾਹਿਤ ਤੇ ਸਮਾਜ ਦੇ ਸੰਬੰਧਾਂ ਨੂੰ ਇਨ੍ਹਾਂ ਪ੍ਰਸੰਗਾਂ ਵਿਚ ਹੀ ਵਿਚਾਰਿਆ ਜਾਣਾ ਚਾਹੀਦਾ ਹੈ।

*ਤ੍ਰੈਮਾਸਿਕ 'ਪ੍ਰਵਚਨ' ਪਿਛਲੇ 23 ਸਾਲਾਂ ਤੋਂ ਨਿਰੰਤਰ ਆਪਣੀ ਸਮਰੱਥਾ ਅਤੇ ਸੂਝ ਅਨੁਸਾਰ ਸਮੱਗਰੀ ਪੰਜਾਬੀ ਪਾਠਕਾਂ ਨੂੰ ਪੜ੍ਹਾ ਰਿਹਾ ਹੈ। ਇਸ ਸਫ਼ਰ ਦੌਰਾਨ ਸੁਹਿਰਦ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ ਅਤੇ ਇਸ ਨੂੰ ਚੱਲਦਾ ਰੱਖਣ ਵਿਚ ਹਰ ਤਰ੍ਹਾਂ ਦੀ ਸਹਾਇਤਾ ਕੀਤੀ ਹੈ। ਜਿਹਨਾਂ ਪਾਠਕਾਂ ਦੇ ਚੰਦੇ ਖਤਮ ਹਨ ਉਨ੍ਹਾਂ ਨੂੰ ਆਪ ਵੀ ਪਤਾ ਹੈ। ਅਸੀਂ ਵਿਅਕਤੀਗਤ ਚਿੱਠੀ, ਪੱਤਰ ਪਾ ਕੇ ਉਨ੍ਹਾਂ ਨੂੰ ਯਾਦ ਕਰਾਉਣ ਦੀ ਥਾਂ ਸਵੈ ਅਹਿਸਾਸ ਕਰਾਉਣਾ ਚਾਹੁੰਦੇ ਹਾਂ ਕਿ ਉਹ ਆਪਣੇ ਆਪ ਹੀ ਚੰਦਾ ਸਮੇਂ ਸਿਰ ਭੇਜ ਦੇਣ ਤਾਂ ਜੋ ਇਸ ਪਰਚੇ ਨੂੰ ਜਾਰੀ ਰੱਖਿਆ ਜਾ ਸਕੇ। ਚੰਦਿਆਂ ਦੀ ਦਰ ਘੱਟੋ-ਘੱਟ 1500 ਰੁਪਏ ਪੰਜ ਸਾਲ ਲਈ ਹੈ। ਚੰਦਾ ਬੈਂਕ ਡਰਾਫਟ ਜਾਂ ਚੈੱਕ ਰਾਹੀਂ ਭੇਜਿਆ ਜਾਵੇ ਜਾਂ ਸੰਪਾਦਕ ਦੇ ਹੇਠ ਲਿਖੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਜਾਣ।*

**KULWANT SINGH**

Ac. no. 07141000085751 IFSC PSIB0000714

PUNJAB & SINDH BANK

Defence Colony, Jalandhar